ਬਾ - ਅਦਾਲਤ ਡਾ. ਜੀ. ਵਜਰਾਲਿੰਗਮ , ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ

ਪਟੀਸ਼ਨ 288/2009

ਸ਼੍ਰੀ ਰਤਨ ਸਿੰਘ ਪੁੱਤਰ ਸ਼੍ਰੀ ਸੋਹਣ ਸਿੰਘ ਵਾਸੀ ਪਿੰਡ ਮੰਨਸੂਰਵਾਲਾ ਬੇਟ, ਡਾਕਖਾਨਾ ਢਿਲਵਾਂ,

ਜਿਲ੍ਹਾ ਕਪੂਰਥਲਾ

ਪਟੀਸ਼ਨਰ

ਬਨਾਮ

1. ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ, ਕਪੂਰਥਲਾ।
2. ਦੀ ਕਪੂਰਥਲਾ ਕੇਂਦਰੀ ਸਹਿਕਾਰੀ ਬੈਂਕ ਲਿਮ. ਕਪੂਰਥਲਾ, ਰਾਹੀਂ ਮੈਨੇਜਰ।
3. ਸ਼੍ਰੀ ਰਣਧੀਰ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ ਵਾਸੀ ਪਿੰਡ : ਹੋਠੀਆਂ, ਡਾਕਖਾਨਾ : ਨੂਰਪੁਰ ਲੁਬਾਨਾ, ਜਿਲ੍ਹਾ ਕਪੂਰਥਲਾ।
4. ਸ਼੍ਰੀ ਗੁਰਦਿਆਲ ਸਿੰਘ ਪੁੱਤਰ ਸ਼੍ਰੀ ਗੁਰਚਰਨ ਸਿੰਘ ਵਾਸੀ ਪਿੰਡ : ਹੋਠੀਆਂ, ਡਾਕਖਾਨਾ : ਨੂਰਪੁਰ ਲੁਬਾਨਾ, ਜਿਲ੍ਹਾ ਕਪੂਰਥਲਾ।

...... ਉਤਰਵਾਦੀ ......

Petition under Section 3 (4) of the Punjab, Cooperative Societies Act, 1961 ( hereafter called the act ) against the award dated 13.12.2004 passed by the DRCS Kapurthala.

ਹਾਜ਼ਰ : - ਸ਼੍ਰੀ ਐਮ. ਐਸ. ਕੰਗ ਵਕੀਲ ਪਟੀਸ਼ਨਰ
ਸ਼੍ਰੀ ਅਸ਼ਵਨੀ ਪ੍ਰਾਸ਼ਰ ਵਕੀਲ ਉਤਰਵਾਦੀ ਨੰ. 2
ਸ਼੍ਰੀ ਹਰਿਤ ਸ਼ਰਮਾ ਵੀਕਲ ਉਤਰਵਾਦੀ ਨੰ. 2

ਹੁਕਮ :- ਇਹ ਪਟੀਸ਼ਨ ਪਟੀਸ਼ਨਰ ਦੇ ਵਕੀਲ ਸ਼੍ਰੀ ਐਮ. ਐਸ. ਕੰਗ ਵੱਲੋਂ ਪੰਜਾਬ ਕੋਆਪ੍ਰੇਟਿਵ ਸੁਸਾਇਟੀਜ਼ ਐਕਟ 1961 ਦੀ ਧਾਰਾ 3 (4) ਅਧੀਨ ਦਾਇਰ ਕੀਤੀ ਗਈ। ਜੋ ਕਿ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ ਕਪੂਰਥਲਾ ਦੇ ਮਿਤੀ 13.12.2004 ਦੇ ਫੈਸਲੇ ਵਿਰੁੱਧ ਕੀਤੀ ਗਈ। ਇਸ ਕੇਸ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ :-

ਇਹ ਸਾਲਸੀ ਕੇਸ ਪਹਿਲੀ ਧਿਰ ਦੀ ਕਪੂਰਥਲਾ ਕੇਂਦਰੀ ਸਹਿਕਾਰੀ ਬੈਂਕ ਲਿਮ. ਕਪੂਰਥਲਾ ਵੱਲੋਂ ਦੂਜੀ ਧਿਰ ਵੱਲੋਂ ਐਗਰੀਮੈਂਟ ਮੁਤਾਬਕ ਕਰਜ਼ਾ ਸਮੇਂ ਸਿਰ ਨਾ ਮੋੜਨ ਕਾਰਨ ਤਿਆਰ ਕੀਤਾ ਗਿਆ। ਪਹਿਲੀ ਧਿਰ ਕਪੂਰਥਲਾ ਕੇਂਦਰੀ ਸਹਿਕਾਰੀ ਬੈਂਕ ਲਿਮ. ਕਪੂਰਥਲਾ ਵੱਲੋਂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਕਪੂਰਥਲਾ ਨੂੰ ਸਾਲਸੀ ਕੇਸ ਨਿਪਟਾਰੇ ਲਈ ਭੇਜਿਆ ਪਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਕਪੂਰਥਲਾ ਦੇ ਇਹ ਰਕਮ ਅਧਿਕਾਰ ਖੇਤਰ ਤੋਂ ਬਾਹਰ ਹੋਣ ਕਰਕੇ ਇਹ ਕੇਸ ਨਿਪਟਾਰੇ ਲਈ ਉਪ ਰਜਿਸਟਰਾਰ, ਸਹਿਕਾਰੀ ਸਭਾਵਾ ਕਪੂਰਥਲਾ ਨੂੰ ਭੇਜਿਆ ਗਿਆ। ਸ਼੍ਰੀ ਰਣਧੀਰ ਸਿੰਘ ਪੁੱਤਰ ਅਮਰ ਸਿੰਘ ਦੀ ਕਪੂਰਥਲਾ ਕੇਂਦਰੀ ਸਹਿਕਾਰੀ ਬੈਂਕ ਕਪੂਰਥਲਾ ( ਜਿਸ ਨੂੰ ਬਾਅਦ ਵਿੱਚ ਬੈਂਕ ਕਿਹਾ ਜਾਵੇਗਾ ) ਪਾਸੋਂ ਕਰਜ਼ਾ ਲਿਆ ਸੀ ਅਤੇ ਮਿਤੀ 28.11.2002 ਨੂੰ ਬੈਂਕ ਦੇ ਹੱਕ ਵਿੱਚ ਆਪਣੀ ਪ੍ਰਾਪਰਟੀ ਰਹਿਣ ਕਰਵਾਈ ਸੀ। ਸ਼੍ਰੀ ਰਤਨ ਸਿੰਘ ਪੁੱਤਰ ਮੋਹਣ ਸਿੰਘ ਅਤੇ ਸ਼੍ਰੀ ਗੁਰਦਿਆਲ ਸਿੰਘ ਪੁੱਤਰ ਗੁਰਚਰਨ ਸਿੰਘ ਨੂੰ ਜਾਮਨ ਰੱਖਿਆ ਗਿਆ ਸੀ। ਮਿਤੀ 10.12.2004 ਨੂੰ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਦੀ ਅਦਾਲਤ ਵਿੱਚ ਸ਼੍ਰੀ ਰਣਧੀਰ ਸਿੰਘ ਪੁੱਤਰ ਅਮਰ ਸਿੰਘ ਨੇ ਆਪਣੇ ਲਿਖਿਤ ਬਿਆਨ ਦਰਜ਼ ਦਰਵਾਏ ਕਿ ਉਸ ਵੱਲ ਲਗਾ ) ਕਰਜ਼ਾ ਸਹੀ ਹੈ ਉਹ ਕਿਸ਼ਤਾ ਵਿੱਚ ਦਸੰਬਰ 2006 ਤੱਕ ਜਮ੍ਹਾਂ ਕਰਵਾ ਦੇਵੇਗਾ। ਜੇਕਰ ਇਹ ਸਾਰੀ ਰਕਮ ਦੱਸੇ ਸਮੇਂ ਅਨੁਸਾਰ ਜਮ੍ਹਾਂ ਨਾ ਕਰਵਾ ਸਕਿਆ ਤਾਂ ਇਹ ਸਾਰੀ ਰਕਮ ਇਕ ਮੁਸ਼ਤ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ। ਇਸ ਤਰ੍ਹਾਂ ਬੈਂਕ ਦੇ ਕਲੇਮ ਦੀ ਪੁਸ਼ਟੀ ਹੋਣ ਮਗਰੋਂ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਵੱਲੋਂ ਸ਼੍ਰੀ ਰਣਧੀਰ ਸਿੰਘ ਅਸਲਕਰਜ਼ਦਾਰ ਵਿਰੁੱਧ 31.3.2006 ਤੱਕ ਸਾਰੀ ਰਕਮ ਸਮੇਤ ਵਿਆਜ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੇ ਹੁਕਮ ਪਾਸ ਕੀਤੇ ਸਨ। ਜੇਕਰ ਸ਼੍ਰੀ ਰਣਧੀਰ ਸਿੰਘ ਪੁੱਤਰ ਸ਼੍ਰੀ ਅਮਰ ਸਿੰਘ ਆਪਣੇ ਜਿੰਮੇ ਲਗਦੀ ਰਕਮ ਉਕਤ ਦੱਸੇ ਸਮੇਂ ਵਿੱਚ ਬੈਂਕ ਵਿੱਚ ਜਮ੍ਹਾਂ ਨਹੀਂ ਕਰਵਾਏਗਾ ਤਾਂ ਦੀ ਕਪੂਰਥਲਾ ਕੇਂਦਰੀ ਸਹਿਕਾਰੀ ਬੈਂਕ ਲਿਮ. ਕਪੂਰਥਲਾ ਬਰਾਬਰ ਦੋ ਹਿੱਸਿਆਂ ਵਿੱਚ ਸ਼੍ਰੀ ਰਤਨ ਸਿੰਘ ਪੁੱਤਰ ਸੋਹਣ ਸਿੰਘ ਅਤੇ ਸ਼੍ਰੀ ਗੁਰਦਿਆਲ ਸਿੰਘ ਪੁੱਤਰ ਗੁਰਚਰਨ ਸਿੰਘ ਜਾਮਨਾ ਤੋਂ ਵਸੂਲ ਕਰੇ ਬੈਂਕ ਨੂੰ ਸ਼੍ਰੀ ਰਣਧੀਰ ਸਿੰਘ ਪੁੱਤਰ ਅਮਰ ਸਿੰਘ, ਰਤਨ ਸਿੰਘ ਪੁੱਤਰ ਸੋਹਣ ਸਿੰਘ ਅਤੇ ਸ਼੍ਰੀ ਗੁਰਦਿਆਲ ਸਿੰਘ ਪੁੱਤਰ ਗੁਰਚਰਨ ਸਿੰਘ ਵਿਰੁੱਧ ਪੰਜਾਬ ਕੋਆ. ਸੁਸਾਇਟੀਜ਼ ਐਕਟ ਦੀ ਧਾਰਾ 63, ਏ.

ਬੀ. ਅਤੇ ਸੀ ਅਧੀਨ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ। ਵਿਆਜ ਐਗਰੀਮੈਂਟ ਮੁਤਾਬਕ ਜਾਰੀ ਰਹੇਗਾ ।

ਵਕੀਲ ਪਟੀਸ਼ਨਰ ਨੂੰ ਸੁਣਿਆ ਗਿਆ। ਉਸ ਅਨੁਸਾਰ ਬੈਂਕ ਵੱਲੋਂ ਪਹਿਲਾਂ ਅਸਲ ਕਰਜ਼ਦਾਰ ਪਾਸੋਂ ਉਸ ਦੀ ਰਹਿਣ ਕੀਤੀ ਜਮੀਨ ਨੂੰ ਵੇਚ ਕੇ ਕਰਜ਼ੇ ਦੀ ਵਸੂਲੀ ਕੀਤੀ ਜਾਵੇ। ਜੇਕਰ ਫਿਰ ਵੀ ਇਸ ਕਰਜ਼ੇ ਦੀ ਵਸੂਲੀ ਨਹੀਂ ਹੁੰਦੀ ਤਾਂ ਬਾਕੀ ਰਕਮ ਪਟੀਸ਼ਨਰ ਜਮ੍ਹਾਂ ਕਰਵਾਉਣ ਲਈ ਪਾਬੰਧ ਹੈ। ਇਸ ਤਰ੍ਹਾਂ ਉਤਰਵਾਦੀ ਧਿਰ ਨੰ. 2 ਵੱਲੋਂ ਜਾਮਨਾਂ ਵਿਰੁੱਧ ਕਾਰਵਾਈ ਨਾ ਕਰਨ ਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਹੈ।

ਸੁਣਵਾਈ ਉਪਰੰਤ ਦੂਜੀ ਧਿਰ ਨੂੰ ਹਾਜ਼ਰ ਆਉਣ ਲਈ ਨੋਟਿਸ ਜਾਰੀ ਕੀਤੇ। ਉਤਰਵਾਦੀ 2 ਵੱਲੋਂ ਆਪਣਾ ਲਿਖਤੀ ਜਵਾਬ ਪੇਸ਼ ਕੀਤਾ। ਉਤਰਵਾਦੀ ਨੰ. 2 ਵੱਲੋਂ ਦੱਸਿਆ ਗਿਆ ਕਿ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ ਵੱਲੋਂ ਸਾਲਸੀ ਫੈਸਲਾ ਦੀ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੀ ਧਾਰਾ 55- 56 ਅਧੀਨ ਕੀਤਾ ਗਿਆ ਹੈ। ਜਿਸ ਦੀ ਅਪੀਲ ਇਸ ਐਕਟ ਦੀ ਧਾਰਾ 68 ਅਧੀਨ 60 ਦਿਨਾਂ ਦੇ ਵਿੱਚ ਕਰਨੀ ਬਣਦੀ ਹੈ। ਇਸ ਲਈ ਇਹ ਪਟੀਸ਼ਨ ਸੈਕਸ਼ਨ 3 ( 4 ) ਅਧੀਨ ਸੁਣਵਾਈ ਯੋਗ ਨਹੀਂ ਹੈ। ਕਰਜ਼ਦਾਰ ਅਤੇ ਜਾਮਨਾਂ ਦੀ ਇਹ ਸਾਂਝੀ ਜਿੰਮੇਵਾਰੀ ਹੈ ਕਿ ਉਹ ਬੈਂਕ ਦੇ ਕਰਜ਼ੇ ਦੀ ਅਦਾਇਗੀ ਕਰਨ। ਜਾਮਨਾਂ ਵੱਲੋਂ ਜਾਮਨੀ ਦੇਣ ਸਮੇਂ ਬੈਂਕ ਨਾਲ ਇਹ ਇਕਰਾਰਨਾਮਾ ਕੀਤਾ ਹੋਇਆ ਹੈ ਕਿ ਅਸਲ ਕਰਜ਼ਦਾਰ ਵੱਲੋਂ ਅਦਾਇਗੀ ਨਾ ਕਰਨ ਦੀ ਸੂਰਤ ਵਿੱਚ ਉਹ ਬੈਂਕ ਨੂੰ ਕਰਜ਼ਾ ਸਮੇਤ ਵਿਆਜ ਮੋੜਨ ਲਈ ਪਾਬੰਦ ਹੋਵੇਗਾ।

ਉਨ੍ਹਾਂ ਨੇ ਆਪਣੀਆਂ ਦਲੀਲਾਂ ਵਿੱਚ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਏ. ਆਈ. ਆਰ. 1992, ਐਸ. ਸੀ. 1740 ਦਾ ਹਵਾਲਾ ਦਿੱਤਾ ਹੈ ਜਿਸ ਅਧੀਨ ਕਰਜ਼ਾ ਦੇਣ ਵਾਲੀ ਧਿਰ ਵਸੂਲੀ ਸਬੰਧੀ ਜਾਮਨਾਂ ਵਿਰੁੱਧ ਕਾਰਵਾਈ ਕਰ ਸਕਦੀ ਹੈ। ਇਸ ਤਰ੍ਹਾਂ ਜਾਮਨ ਆਪਣੀ ਦੇਣਦਾਰੀ ਤੋਂ ਮੁਕਤ ਨਹੀਂ ਹੋ ਸਕਦੇ।

ਇਸ ਤਰ੍ਹਾਂ ਉਕਤ ਦਲੀਲਾਂ ਦੇ ਮੱਦੇਨਜਰ ਇਹ ਪਟੀਸ਼ਨ ਰੱਦ ਕਰਨ ਦੀ ਮੰਗ ਕੀਤੀ ਗਈ ਹੈ

ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਅਤੇ ਮਿਸਲ ਨਾਲ ਪੇਸ਼ ਕੀਤੇ ਰਿਕਾਰਡ ਨੂੰ ਘੋਖਣ ਉਪਰੰਤ ਮੈਂ ਇਹ ਫੈਸਲਾ ਕਰਦਾ ਹਾਂ ਕਿ ਉਤਰਵਾਦੀ ਧਿਰ ਨੰ. 2 ਨੂੰ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਕਪੂਰਥਲਾ

ਵੱਲੋਂ ਮਿਤੀ 13.12.2004 ਨੂੰ ਕੀਤੇ ਫੈਸਲੇ ਅਨੁਸਾਰ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਦੀ ਧਾਰਾ 63 ਏ, ਬੀ, ਅਤੇ ਸੀ ਅਧੀਨ ਕਰਜਦਾਰ ਅਤੇ ਜਾਮਨਾਂ ਵਿਰੁੱਧ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੈ। ਇਸ ਲਈ ਮੈਂ ਇਹ ਪਟੀਸ਼ਨ ਖਾਰਜ ਕਰਦਾ ਹਾਂ ।

ਫੈਸਲਾ ਖੁਲੀ ਅਦਾਲਤ ਵਿੱਚ ਸੁਣਾਇਆ ਗਿਆ ਅਤੇ ਮਿਸਲ ਪੇਸ਼ੀ ਸ਼ਾਖਾ ਨੂੰ ਭੇਜ ਦਿੱਤੀ ਜਾਵੇ।

27/X/09

ਮਿਤੀ : 27.10.2009

ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ
ਚੰਡੀਗੜ੍ਹ